## ਮਰੀਜ਼ ਲਈ ਜਾਣਕਾਰੀ ਤੱਥ

# ਛਾਤੀ ਵਿੱਚ ਦਰਦ (Chest Pain – Punjabi)

**ਛਾਤੀ ਵਿੱਚ ਦਰਦ ਤੁਹਾਡੇ ਮੋਢਿਆਂ ਤੋਂ ਲੈ ਕੇ ਤੁਹਾਡੀਆਂ ਪਸਲੀਆਂ ਦੇ ਹੇਠਲੇ ਸਿਰੇ ਤੱਕ ਛਾਤੀ ਦੇ ਖੇਤਰ ਵਿੱਚ ਹੋਣ ਵਾਲੇ ਦਰਦ ਨੂੰ ਦਰਸਾਉਂਦਾ ਹੈ। ਇਹ ਇੱਕ ਆਮ ਲੱਛਣ ਹੈ ਅਤੇ ਇਸ ਦੇ ਕਈ ਕਾਰਨ ਹੋ ਸਕਦੇ ਹਨ। ਕੁੱਝ ਪੜਤਾਲ ਕੀਤੇ ਬਗੈਰ ਛਾਤੀ ਵਿੱਚ ਦਰਦ ਦੇ ਮੁੱਖ ਕਾਰਨਾਂ ਦਾ ਇਲਾਜ ਕਰਨਾ ਮੁਸ਼ਕਲ ਹੋ ਜਾਂਦਾ ਹੈ।**

ਛਾਤੀ ਵਿੱਚ ਦਰਦ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਕਿਉਂਕਿ ਕਦੇ-ਕਦੇ ਇਹ ਇੱਕ ਗੰਭੀਰ ਅੰਦਰੂਨੀ ਸਮੱਸਿਆ ਦਾ ਸੰਕੇਤ ਵੀ ਹੋ ਸਕਦਾ ਹੈ। ਕਿਸੇ ਨਵੇਂ, ਤੇਜ਼ ਜਾਂ ਲਗਾਤਾਰ ਹੋਣ ਵਾਲੇ ਛਾਤੀ ਵਿੱਚ ਦਰਦ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ। ਇਹ ਉਸ ਵੇਲੇ ਜ਼ਰੂਰੀ ਹੋ ਜਾਂਦਾ ਹੈ ਜਦੋਂ ਤੁਸੀਂ ਬਾਲਗ ਹੁੰਦੇ ਹੋ ਅਤੇ ਪਹਿਲਾਂ ਦਿਲ ਜਾਂ ਫੇਫੜੇ ਦੀ ਬਿਮਾਰੀ ਰਹੀ ਹੋਵੇ।

### ਛਾਤੀ ਵਿੱਚ ਦਰਦ ਕੀ ਹੈ?

ਛਾਤੀ ਦੇ ਦਰਦ ਵਿੱਚ ਕਿਸੇ ਵੀ ਤਰ੍ਹਾਂ ਦੇ ਦਰਦ ਜਾਂ ਅਸੁਵਿਧਾ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਜੋ ਤੁਹਾਡੇ ਪੇਟ ਦੇ ਉੱਪਰੀ ਹਿੱਸੇ ਤੋਂ ਗਰਦਨ ਦੇ ਹੇਠਾਂ ਤੱਕ ਪੈਦਾ ਹੋ ਸਕਦਾ ਹੈ। ਛਾਤੀ ਵਿੱਚ ਦਰਦ ਲੋਕਾਂ ਨੂੰ ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ ਅਤੇ ਇਸ ਨੂੰ ਛਾਤੀ ਵਿੱਚ ਖਿੱਚ, ਛਾਤੀ ਵਿੱਚ ਦਬਾਅ ਜਾਂ ਛਾਤੀ ਵਿੱਚ ਜਲਣ ਜਾਂ ਭਰੇ ਹੋਣ ਦੇ ਅਹਿਸਾਸ ਦੇ ਰੂਪ ਵਿੱਚ ਦਰਸਾਇਆ ਜਾ ਸਕਦਾ ਹੈ। ਛਾਤੀ ਵਿੱਚ ਦਰਦ ਤਿੱਖਾ, ਸੁਸਤ, ਥ੍ਰੋਬਿੰਗ, ਕ੍ਰਸ਼ਿੰਗ, ਚੀਰਨ ਵਾਲਾ, ਮਰੋੜ ਜਾਂ ਦਰਦ ਦੇ ਰੂਪ ਵਿੱਚ ਵੀ ਹੋ ਸਕਦਾ ਹੈ।

### ਕਾਰਨ

ਜ਼ਿਆਦਾਤਰ ਛਾਤੀ ਵਿੱਚ ਦਰਦ ਦਿਲ ਨਾਲ ਸਬੰਧਤ ਨਹੀਂ ਹੁੰਦਾ ਹੈ ਅਤੇ ਇਹ ਜ਼ਿੰਦਗੀ ਲਈ ਖਤਰੇ ਦਾ ਸੰਕੇਤ ਨਹੀਂ ਹੁੰਦਾ ਹੈ। ਛਾਤੀ ਵਿੱਚ ਦਰਦ ਦੇ ਕੁੱਝ ਆਮ ਕਾਰਨ ਹੇਠਾਂ ਦਿੱਤੇ ਗਏ ਹਨ। ਇਸ ਜਾਣਕਾਰੀ ਨਾਲ ਇਹ ਅੰਦਾਜ਼ਾ ਹੋ ਸਕਦਾ ਹੈ ਕਿ ਕੀ ਇਹ ਸਥਿਤੀਆਂ ਤੁਹਾਡੇ ਛਾਤੀ ਵਿੱਚ ਦਰਦ ਦਾ ਕਾਰਨ ਹੋ ਸਕਦੀਆਂ ਹਨ, ਪਰ ਤੁਸੀਂ ਸਹੀ ਇਲਾਜ ਪ੍ਰਾਪਤ ਕਰੋ ਇਹ ਯਕੀਨੀ ਬਣਾਉਣ ਲਈ ਤੁਹਾਨੂੰ ਹਮੇਸ਼ਾ ਡਾਕਟਰ ਨਾਲ ਸਲਾਹ ਲੈਣੀ ਚਾਹੀਦੀ ਹੈ।

**ਗੈਸਟਰੋ-ਓਸੋਫੇਜ਼ਿਅਲ ਰਿਫਲੈਕਸ ਬਿਮਾਰੀ (GORD)** – ਇੱਕ ਸਧਾਰਨ ਸਥਿਤੀ ਜਿਸ ਵਿੱਚ ਪੇਟ ਤੋਂ ਐਸਿਡ ਓਸਫੇਗਸ (ਗਿਉਲੇਟ) ਵਿੱਚ ਆ ਜਾਂਦਾ ਹੈ।

GORD ਦੇ ਆਮ ਲੱਛਣਾਂ ਵਿੱਚ ਸ਼ਾਮਲ ਹਨ:

- ਛਾਤੀ ਵਿੱਚ ਜਲਣ ਦੇ ਨਾਲ ਦਰਦ (ਹੀਟਬਰਨ)
- ਪੇਟ ਤੋਂ ਤੁਹਾਡੇ ਮੂੰਹ ਤੱਕ ਐਸਿਡ ਆਉਣ ਕਾਰਨ ਬੇਸੁਆਦ

**ਹੱਡੀ ਜਾਂ ਮਾਂਸਪੇਸ਼ੀ ਸਬੰਧੀ ਸਮੱਸਿਆਵਾਂ** - ਜੇਕਰ ਤੁਹਾਡੀ ਛਾਤੀ ਵਿੱਚ ਦਰਦ ਹੈ ਅਤੇ ਛੂਹਣ ਤੇ ਇਹ ਨਰਮ ਹੋ ਜਾਂਦੀ ਹੈ ਤਾਂ ਇਹ ਛਾਤੀ ਦੀ ਕੰਧ ਵਿੱਚ ਮਾਸਪੇਸ਼ੀ ਤਣਾਅ ਦੇ ਕਾਰਨ ਹੋ ਸਕਦੀ ਹੈ। ਇਹ ਦਰਦ ਭਰਿਆ ਹੋ ਸਕਦਾ ਹੈ ਪਰ ਆਰਾਮ ਕਰਨ ਨਾਲ ਦਰਦ ਤੋਂ ਆਰਾਮ ਮਿਲ ਸਕਦਾ ਹੈ ਅਤੇ ਇਸ ਦੌਰਾਨ ਮਾਂਸਪੇਸ਼ੀ ਠੀਕ ਹੋ ਸਕਦੀ ਹੈ।

**ਚਿੰਤਾ ਅਤੇ ਪੈਨਿਕ ਦੇ ਦੌਰੇ** - ਛਾਤੀ ਵਿੱਚ ਦਰਦ ਦੇ ਕੁੱਝ ਮਾਮਲੇ ਚਿੰਤਾ ਅਤੇ ਪੈਨਿਕ ਦੇ ਦੌਰਿਆਂ ਦਾ ਹਿੱਸਾ ਹੋ ਸਕਦੇ ਹਨ। ਛਾਤੀ ਵਿੱਚ ਦਰਦ ਅਤੇ ਚਿੰਤਾ ਦੀਆਂ ਜਬਰਦਸਤ ਭਾਵਨਾਵਾਂ ਤੋਂ ਇਲਾਵਾ ਇਨ੍ਹਾਂ ਦੌਰਿਆਂ ਦੇ ਕਾਰਨ ਦਿਲ ਦੀ ਧੜਕਨ, ਪਸੀਨਾ, ਸਾਹ ਲੈਣ ਵਿੱਚ ਮੁਸ਼ਕਲ ਅਤੇ ਚੱਕਰ ਆਉਣ ਜਿਹੇ ਲੱਛਣ ਵੀ ਹੋ ਸਕਦੇ ਹਨ।

**ਫੇਫੜਿਆਂ ਦੀਆਂ ਸਮੱਸਿਆਵਾਂ** – ਜੇਕਰ ਤੁਹਾਡੀ ਛਾਤੀ ਵਿੱਚ ਤੇਜ਼ ਦਰਦ ਹੁੰਦਾ ਹੈ ਅਤੇ ਇਹ ਸਾਹ ਲੈਣ ਅਤੇ ਛੱਡਣ ਨਾਲ ਖਰਾਬ ਹੁੰਦਾ ਹੈ, ਅਤੇ ਇਸ ਨਾਲ ਖੰਗ ਅਤੇ ਸਾਹ ਲੈਣ ਵਿੱਚ ਮੁਸ਼ਕਲ ਲੱਛਣ ਹਨ ਤਾਂ ਇਹ ਫੇਫੜਿਆਂ ਜਾਂ ਆਲੇ ਦੁਆਲੇ ਦੇ ਟਿਸ਼ੂਆਂ ਨੂੰ ਪ੍ਰਭਾਵਿਤ ਕਰਨ ਵਾਲੀ ਸਥਿਤ ਦੇ ਕਾਰਨ ਹੋ ਸਕਦਾ ਹੈ, ਜਿਵੇਂ ਕਿ:

- ਨਿਮੋਨੀਆ - ਫੇਫੜੇ ਦੀ ਸੋਜਸ਼ ਆਮ ਤੌਰ ਤੇ ਇੱਕ ਸੰਕ੍ਰਮਣ ਕਾਰਨ ਹੁੰਦੀ ਹੈ
- ਪਲੂਰਸੀ - ਫੇਫੜਿਆਂ ਦੇ ਆਲੇ ਦੁਆਲੇ ਝਿੱਲੀ ਦੀ ਸੋਜਸ਼ ਜੋ ਆਮ ਤੌਰ ਤੇ ਇੱਕ ਸੰਕ੍ਰਮਣ ਕਾਰਨ ਹੁੰਦੀ ਹੈ

## ਛਾਤੀ ਵਿੱਚ ਦਰਦ ਦੇ ਲੱਛਣ

ਛਾਤੀ ਵਿੱਚ ਦਰਦ ਅਕਸਰ ਹੋਰ ਲੱਛਣਾਂ ਦੇ ਨਾਲ ਪੈਦਾ ਹੁੰਦਾ ਹੈ ਜਿਸ ਵਿੱਚ ਪਹਿਲਾਂ ਦੀਆਂ ਬਿਮਾਰੀਆਂ, ਵਿਕਾਰ ਜਾਂ ਸਥਿਤੀ ਦੇ ਆਧਾਰ ਤੇ ਅੰਤਰ ਹੋ ਸਕਦਾ ਹੈ। ਉਦਾਹਰਨ ਲਈ, ਜੇਕਰ ਛਾਤੀ ਵਿੱਚ ਦਰਦ ਇੱਕ ਸੰਕ੍ਰਮਣ ਨਾਲ ਸਬੰਧਤ ਹੈ ਤਾਂ ਤੁਹਾਨੂੰ ਬੁਖਾਰ ਅਤੇ ਸਰੀਰ ਵਿੱਚ ਦਰਦ ਦਾ ਅਨੁਭਵ ਹੋ ਸਕਦਾ ਹੈ। ਤੁਹਾਡੀ ਛਾਤੀ ਜਾਂ ਪੇਟ ਵਿੱਚ ਅੰਗਾਂ ਜਾਂ ਟਿਸ਼ੂਆਂ ਜਿਵੇਂ ਫੇਫੜੇ, ਪੇਟ, ਘੇਘਾ, ਪਸਲੀਆਂ, ਪਾਚਕ, ਪਿੱਤੇ ਦੀ ਥੈਲੀ, ਮਾਂਸਪੇਸ਼ੀਆਂ ਅਤੇ ਨਸਾਂ ਦੀਆਂ ਬਿਮਾਰੀਆਂ ਅਤੇ ਸਥਿਤੀਆਂ ਦੇ ਕਾਰਨ ਵੀ ਛਾਤੀ ਵਿੱਚ ਦਰਦ ਹੋ ਸਕਦਾ ਹੈ।

ਦਰਦ ਗਰਦਨ, ਕਮਰ ਅਤੇ ਪੇਟ ਦੇ ਖੇਤਰ ਤੋਂ ਤੁਹਾਡੀ ਛਾਤੀ ਤੱਕ ਵੀ ਹੋ ਸਕਦਾ ਹੈ। ਇੱਕੋ ਸਮੇਂ ਹੋਣ ਵਾਲੇ ਲੱਛਣ ਵੀ ਪਾਚਨ ਨਲੀ ਨਾਲ ਸਬੰਧ ਹੋ ਸਕਦੇ ਹਨ। ਕੁੱਝ ਲੱਛਣਾਂ ਦੇ ਸੰਕੇਤ ਜਿਵੇਂ ਆਕਸੀਜਨ ਦਾ ਘੱਟ ਪੱਧਰ ਅਤੇ ਕਾਰਬਨ ਡਾਈਆਕਸਾਈਡ ਦੇ ਉੱਚ ਪੱਧਰ ਕੇਵਲ ਡਾਕਟਰੀ ਸਬੰਧੀ ਪੜਤਾਲਾਂ ਤੋਂ ਸਪਸ਼ਟ ਹੋ ਸਕਦੇ ਹਨ ਇਸ ਲਈ ਜੇਕਰ ਤੁਹਾਨੂੰ ਛਾਤੀ ਵਿੱਚ ਦਰਦ ਅਨੁਭਵ ਹੋਵੇ ਤਾਂ ਹਮੇਸ਼ਾ ਡਾਕਟਰੀ ਦੇਖਭਾਲ ਪ੍ਰਾਪਤ ਕਰੋ।

## ਛਾਤੀ ਨਾਲ ਸਬੰਧਤ ਹੋਰ ਲੱਛਣ ਜੋ ਛਾਤੀ ਵਿੱਚ ਦਰਦ ਦੇ ਨਾਲ ਪੈਦਾ ਹੋ ਸਕਦੇ ਹਨ

ਛਾਤੀ ਵਿੱਚ ਦਰਦ ਦਿਲ ਅਤੇ ਫੇਫੜਿਆਂ ਦੇ ਹੋਰ ਲੱਛਣ ਨਾਲ ਹੋ ਸਕਦਾ ਹੈ ਇਨ੍ਹਾਂ ਵਿੱਚ ਹੇਠ ਸ਼ਾਮਲ ਹਨ:

- ਖੰਗ (ਕਫ਼ ਦੇ ਨਾਲ ਇੱਕ ਉਤਪਾਦਕ ਖੰਗ ਹੋ ਸਕਦੀ ਹੈ)
- ਨੱਕ ਫੁੱਲਣਾ
- ਘਰਰ

## ਇਲਾਜ

ਤੁਹਾਡੇ ਛਾਤੀ ਦੇ ਦਰਦ ਦੇ ਕਾਰਨਾਂ ਦੇ ਆਧਾਰ ਤੇ ਇਲਾਜ ਵੀ ਅਲੱਗ ਹੋਵੇਗਾ।

## ਦਵਾਈਆਂ

ਛਾਤੀ ਵਿੱਚ ਦਰਦ ਦੇ ਕੁੱਝ ਆਮ ਕਾਰਨਾਂ ਵਿੱਚ ਵਰਤੀਆਂ ਜਾਂਦੀਆਂ ਦਵਾਈਆਂ ਵਿੱਚ ਸ਼ਾਮਲ ਹਨ:

- **ਆਰਟਰੀ ਰਿਲੈਕਸ**: ਨਾਈਟ੍ਰੋਗਲਿਸਰਿਨ, ਆਮ ਤੌਰ ਤੇ ਜੀਭ ਦੇ ਹੇਠਾਂ ਰਖੀ ਜਾਣ ਵਾਲੀ ਗੋਲੀ ਦਿਲ ਦੀਆਂ ਆਰਟਰੀਆਂ ਨੂੰ ਢਿੱਲਾ ਕਰਦੀ ਹੈ ਤਾਂਕਿ ਸੰਕੁਚਿਤ ਥਾਵਾਂ ਤੋਂ ਖੂਨ ਜਿਆਦਾ ਆਸਾਨੀ ਨਾਲ ਗੁਜਰ ਸਕੇ। ਕੁੱਝ ਬਲੱਡ ਪ੍ਰੈਸ਼ਰ ਦੀ ਦਵਾਈਆਂ ਵੀ ਖੂਨ ਵੈਸਲ ਨੂੰ ਢਿੱਲਾ ਅਤੇ ਚੌੜਾ ਕਰਦੀਆਂ ਹਨ।
- **ਐਸਪ੍ਰੀਨ**: ਜੇਕਰ ਡਾਕਟਰ ਨੂੰ ਸ਼ੱਕ ਹੈ ਕਿ ਤੁਹਾਡੀ ਛਾਤੀ ਵਿੱਚ ਦਰਦ ਤੁਹਾਡੇ ਦਿਲ ਨਾਲ ਸਬੰਧਤ ਹੈ ਤਾਂ ਇਹ ਸੰਭਾਵਨਾ ਹੈ ਕਿ ਤੁਹਾਨੂੰ ਐਸਪ੍ਰੀਨ ਦਿੱਤੀ ਜਾਵੇ।

- **ਥੱਕਾ ਰੋਧੀ ਦਵਾਈਆਂ**: ਜੇਕਰ ਤੁਹਾਨੂੰ ਦਿਲ ਦਾ ਦੌਰਾ ਪੈਂਦਾ ਹੈ,ਤੁਹਾਨੂੰ ਅਜਿਹੀਆਂ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ ਜੋ ਤੁਹਾਡੇ ਦਿਲ ਦੀ ਮਾਂਸਪੇਸ਼ੀ ਵਿੱਚ ਖ਼ੂਨ ਪਹੁੰਚਾਉਣ ਵਿੱਚ ਰੁਕਾਵਟ ਵਾਲੀ ਥੱਕੀਆਂ ਨੂੰ ਪਿਘਲਾਉਂਦੀਆਂ ਹਨ।
- **ਖ਼ੂਨ ਪਤਲਾ ਕਰਨਾ**: ਜੇਕਰ ਤੁਹਾਡੇ ਦਿਲ ਜਾਂ ਫੇਫੜਿਆਂ ਵਿੱਚ ਸਪਲਾਈ ਕਰਨ ਵਾਲੀ ਆਰਟਰੀ ਵਿੱਚ ਥੱਕਾ ਹੈ ਤਾਂ ਤੁਹਾਨੂੰ ਉਨ੍ਹਾਂ ਦਵਾਈਆਂ ਦੀ ਸਲਾਹ ਦਿੱਤੀ ਜਾ ਸਕਦੀ ਹੈ ਜੋ ਵਾਧੂ ਥੱਕੀਆਂ ਨੂੰ ਪੈਦਾ ਹੋਣ ਵਿੱਚ ਰੋਕਣ ਲਈ ਖ਼ੂਨ ਥੱਕਾ ਰੋਧੀ ਹੁੰਦੀਆਂ ਹਨ।
- **ਐਸਿਡ-ਰੋਧੀ ਦਵਾਈਆਂ**: ਜੇਕਰ ਤੁਹਾਡੀ ਛਾਤੀ ਵਿੱਚ ਦਰਦ ਦਾ ਕਾਰਨ ਤੁਹਾਡੇ ਓਏਸੋਫੇਗਸ ਤੇ ਪੇਟ ਦੇ ਐਸਿਡ ਦੇ ਛਿੱਟੇ ਪੈਣਾ ਹੈ ਤਾਂ ਡਾਕਟਰ ਅਜਿਹੀ ਦਵਾਈਆਂ ਦੀ ਸਲਾਹ ਦੇ ਸਕਦੇ ਹਨ ਜੋ ਤੁਹਾਡੇ ਪੇਟ ਵਿੱਚ ਐਸਿਡ ਦੀ ਮਾਤਰਾ ਨੂੰ ਘੱਟ ਕਰਦੀਆਂ ਹੋਣ।
- **ਡਿਪਰੈਸ਼ਨ ਰੋਧੀ**: ਜੇਕਰ ਤੁਹਾਨੂੰ ਪੈਨਿਕ ਦੌਰੇ ਦਾ ਅਨੁਭਵ ਹੁੰਦਾ ਹੈ ਤਾਂ ਤੁਹਾਡੇ ਲੱਛਣ ਨੂੰ ਕਾਬੂ ਕਰਨ ਵਿੱਚ ਮਦਦ ਕਰਨ ਲਈ ਤੁਹਾਡੇ ਡਾਕਟਰ ਤੁਹਾਨੂੰ ਡਿਪਰੈਸ਼ਨ ਰੋਧੀ ਦਵਾਈਆਂ ਦੀ ਸਿਫਾਰਿਸ਼ ਕਰ ਸਕਦੇ ਹਨ। ਮਨੋਵਿਗਿਆਨਕ ਇਲਾਜ ਜਿਵੇਂ ਕਿ ਕੋਗਨੈਟਿਵ ਬਿਹੇਵਰੀਅਲ ਇਲਾਜ ਦੀ ਵੀ ਸਿਫਾਰਿਸ਼ ਕੀਤੀ ਜਾ ਸਕਦੀ ਹੈ।

## ਜੇਕਰ ਚਿੰਤਤ ਹੋ ਤਾਂ ਕਿਸ ਨਾਲ ਨਾਲ ਸੰਪਰਕ ਕਰੋ

ਜੇਕਰ ਤੁਸੀਂ ਲੱਛਣਾਂ ਬਾਰੇ ਚਿੰਤਤ ਹੋ ਤਾਂ ਤੁਹਾਨੂੰ ਆਪਣੇ GP ਨਾਲ ਸੰਪਕਰ ਕਰਨਾ ਚਾਹੀਦਾ ਹੈ ਜਾਂ ਸਲਾਹ ਲਈ 111 ਤੇ ਫੋਨ ਕਰੋ।

## ਉਪਯੋਗੀ ਲਿੰਕ

NHS ਵਿਕਲਪ **www.nhs.uk/conditions/chest-pain/Pages/Introduction.aspx**

## ਆਪਣੀ ਗੱਲ ਯਾਦ ਰੱਖੋ

ਜੇਕਰ ਤੁਸੀਂ ਜਾਣ ਤੋਂ ਪਹਿਲਾਂ ਇੱਕ ਫੀਡਬੈਕ ਕਾਰਡ ਪੂਰਾ ਕਰਦੇ ਹੋ ਤਾਂ ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ। ਤੁਸੀਂ ਜਾਂ ਤੁਹਾਡੇ ਪਰਿਵਰ ਦੇ ਕਿਸੇ ਵੀ ਜੀਅ ਨੂੰ ਹਸਪਤਾਲ ਵਿੱਚ ਪ੍ਰਾਪਤ ਇਲਾਜ ਦੇ ਬਾਰੇ ਆਪਣੀ ਗੱਲ ਰੱਖਣ ਅਤੇ ਮਰੀਜਾਂ ਨੂੰ ਦਿੱਤੀਆਂ ਜਾਣ ਵਾਲੀ ਸਾਡੀਆਂ ਸੇਵਾਂਵਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਲਈ ਤੁਹਾਡੇ ਕੋਲ ਇਹ ਇੱਕ ਮੌਕਾ ਹੈ।

University Hospital Southampton NHS Foundation
Trust Southampton General Hospital
Tremona
Road
Southampto
n SO16 6YD
ਮੇਨ ਸਵਿੱਚਬੋਰਡ: **023 8077 7222**

ਇਸ ਫੈਕਟਸ਼ੀਟ ਵਿੱਚ ਦਿੱਤੀ ਗਈ ਜਾਣਕਾਰੀ NHS ਵਿਕਲਪਾਂ www.nhs.uk ਤੋਂ ਲਈ ਗਈ ਹੈ

**ਜੇਕਰ ਤੁਹਾਨੂੰ ਇਸ ਦਸਤਾਵੇਜ਼ ਦਾ ਅਨੁਵਾਦ, ਇੱਕ ਦੁਭਾਸ਼ੀਆ ਜਾਂ ਵੱਡੇ ਅੱਖਰਾਂ, ਬ੍ਰੇਲ ਜਾਂ ਆੱਡੀਓਟੇਪ ਵਿੱਚ ਸੰਸਕਰਣ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਹਾਇਤਾ ਲਈ 023 8120 4688 ਤੇ ਟੈਲੀਫੋਨ ਕਰੋ।**

**Version 1. Reviewed February 2019. Due for review February 2022. 1352**